# Orientation to Ontario

## ਓਂਟਾਰੀਓ ਵਿੱਚ ਨਵੇਂ ਆਉਣ ਵਾਲਿਆਂ ਲਈ ਫ਼੍ਰੈਂਕੋਫੋਨ

1-855-626-0002
https://settlement.org/o2o

### ਓਂਟਾਰੀਓ ਵਿੱਚ ਫ਼੍ਰੈਂਕੋਫੋਨ ਭਾਈਚਾਰਾ

ਫ਼੍ਰੈਂਚ ਭਾਸ਼ਾਵਾਂ ਦੀਆਂ ਸੇਵਾਵਾਂ ਬਾਰੇ ਕਾਨੂੰਨ ਗਰੰਟੀ ਦਿੰਦਾ ਹੈ ਕਿ ਇੱਕ ਵਿਅਕਤੀ ਨੂੰ ਨਿਯੁਕਤ ਕੀਤੇ ਗਏ 25 ਖੇਤਰਾਂ ਵਿਚਲੇ ਓਂਟਾਰੀਓ ਸਰਕਾਰ ਦੇ ਮਹਿਕਮਿਆਂ ਅਤੇ ਏਜੰਸੀਆਂ ਤੋਂ ਫ਼੍ਰੈਂਚ ਵਿੱਚ ਸੇਵਾਵਾਂ ਲੈਣ ਦਾ ਹੱਕ ਹੈ।

ਨਿਯੁਕਤ ਕੀਤੇ ਗਏ 25 ਖੇਤਰਾਂ ਬਾਰੇ ਹੋਰ ਪਤਾ ਲਾਉਣ ਲਈ ofa.gov.on.ca/fr 'ਤੇ ਜਾਓ।

ਹੋਰ ਜਾਣਕਾਰੀ ਲਈ, 1 866 532 3161 (ਟੋਲ-ਫ਼੍ਰੀ) 'ਤੇ ਜਾਂ ਟੋਰੰਟੋ ਵਿੱਚ (416) 314 5518 'ਤੇ ਸਰਵਿਸ ਓਂਟਾਰੀਓ ਇੰਫ਼ੋਲਾਈਨ ਨੂੰ ਕਾਲ ਕਰੋ।

ਤੁਸੀਂ ਓਂਟਾਰੀਓ ਵਿਚਲੇ ਭਾਈਚਾਰਿਆਂ ਦਾ ਪਤਾ ਲਾਉਣਾ ਚਾਹ ਸਕਦੇ ਹੋ, ਜਿੱਥੇ ਤੁਸੀਂ ਫ਼੍ਰੈਂਚ ਵਿੱਚ ਵੱਖ-ਵੱਖ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ etablissement.org/findhelp 'ਤੇ ਜਾਓ।
ਜੇ ਤੁਹਾਡੇ ਦੋਸਤ ਜਾਂ ਪਰਿਵਾਰ ਓਂਟਾਰੀਓ ਆਉਣ ਬਾਰੇ ਸੋਚ ਰਹੇ ਹਨ, ਤਾਂ ਤੁਸੀਂ immigrationfrancophone-ontario.ca 'ਤੇ ਜਾਕੇ ਉਹਨਾਂ ਨੂੰ ਸੱਦਾ ਦੇ ਸਕਦੇ ਹੋ।




ਇੱਥੇ ਉਹ ਫ਼੍ਰੈਂਕੋਫੋਨ ਭਾਈਚਾਰਿਆਂ ਅਤੇ ਉਹਨਾਂ ਲਈ ਉਪਲਬਧ ਸੇਵਾਵਾਂ ਬਾਰੇ ਜਾਣਕਾਰੀ ਦਾ ਪਤਾ ਲਾਉਣਗੇ, ਜਿਵੇਂ ਸਿੱਖਿਆ, ਕਾਰੋਬਾਰ, ਰੋਜ਼ਗਾਰ ਅਤੇ ਸਿਹਤ-ਸੰਭਾਲ ਬਾਰੇ ਸਥਾਨਕ ਜਾਣਕਾਰੀ।

ਇਹ ਕਾਨੂੰਨ ਗਰੰਟੀ ਦਿੰਦਾ ਹੈ ਕਿ ਸੂਬੇ ਦੇ ਸਰਕਾਰੀ ਦਫ਼ਤਰਾਂ ਵਿੱਚ ਫ਼੍ਰੈਂਚ ਵਿੱਚ ਸੇਵਾਵਾਂ ਜ਼ਰੂਰ ਉਪਲਬਧ ਹੋਣੀਆਂ ਚਾਹੀਦੀਆਂ ਹਨ।

### ਉਪਲਬਧ ਸ੍ਰੋਤ

#### ਸੈਟਲਮੈਂਟ ਸਬੰਧੀ ਜਾਣਕਾਰੀ

ਜਿਵੇਂ ਹੀ ਤੁਸੀਂ ਓਂਟਾਰੀਓ ਵਿੱਚ ਵਸਦੇ ਹੋ, ਪਤਾ ਲਾਉਣ ਵਾਸਤੇ ਤੁਹਾਡੇ ਲਈ ਕਈ ਲਾਹੇਵੰਦ ਸ੍ਰੋਤ ਹਨ।

ਆਪਣੀ ਨਜ਼ਦੀਕੀ ਸੈਟਲਮੈਂਟ ਏਜੰਸੀ ਦਾ ਪਤਾ ਲਾਉਣ ਲਈ etablissement.org/findhelp 'ਤੇ ਜਾਓ।

ਓਂਟਾਰੀਓ ਸਰਕਾਰ ਕੋਲ ਓਂਟਾਰੀਓ ਵਿੱਚ ਰਹਿ ਰਹੇ ਫ਼੍ਰੈਂਕੋਫੋਨ ਨਵੇਂ ਆਉਣ ਵਾਲਿਆਂ ਲਈ ਵੱਡਮੁੱਲੀ ਜਾਣਕਾਰੀ ਹੈ। ਫ਼੍ਰੈਂਕੋ-ਓਂਟੈਰੀਅਨ ਭਾਈਚਾਰੇ ਅਤੇ ਓਂਟਾਰੀਓ ਵਿੱਚ ਫ਼੍ਰੈਂਚ ਰਹਿਣ ਵਾਲਿਆਂ ਬਾਰੇ ਹੋਰ ਵੇਰਵਿਆਂ ਲਈ stage.ontarioimmigration.ca 'ਤੇ ਜਾਓ।

ਓਂਟਾਰੀਓ ਵਿੱਚ ਵਸਣ ਲਈ ਤੁਹਾਨੂੰ ਵੱਖ-ਵੱਖ ਖੇਤਰਾਂ ਬਾਰੇ ਜਾਣਕਾਰੀ ਦੀ ਲੋੜ ਪਏਗੀ, ਜਿਵੇਂ ਹਾਉਸਿੰਗ, ਰੋਜ਼ਗਾਰ, ਸਿਹਤ-ਸੰਭਾਲ, ਕਾਨੂੰਨੀ ਸੇਵਾਵਾਂ, ਸਿੱਖਿਆ, ਸਭਿਆਚਾਰ, ਜੀਵਨ-ਸ਼ੈਲੀ ਅਤੇ ਕਈ ਹੋਰ। ਹੋਰ ਵੇਰਵਿਆਂ ਲਈ ਕਿਰਪਾ ਕਰਕੇ etablissement.org 'ਤੇ ਜਾਓ।

ਭਾਈਚਾਰਕ ਸੇਵਾਵਾਂ, ਜਿਹਨਾਂ ਦੀ ਤੁਹਾਨੂੰ ਲੋੜ ਪੈ ਸਕਦੀ ਹੈ, ਦਾ ਪਤਾ ਲਾਉਣ ਲਈ ਜਾਂ ਦਿਨ ਵਿੱਚ 24 ਘੰਟੇ, ਹਫ਼ਤੇ ਦੇ 7 ਦਿਨ ਜਾਣਕਾਰੀ ਲੈਣ ਲਈ 211ontario.ca/fr 'ਤੇ ਜਾਓ ਜਾਂ 211 'ਤੇ ਕਾਲ ਕਰੋ।

ਸੁਣਨ ਵਿੱਚ ਦਿੱਕਤ ਵਾਲਿਆਂ ਲਈ, 1-888-340-1001 'ਤੇ ਕਾਲ ਕਰੋ। ਜਦੋਂ ਤੁਸੀਂ 211 'ਤੇ ਕਾਲ ਕਰਦੇ ਹੋ, ਤਾਂ ਮਸ਼ੀਨ ਦੀ ਬਜਾਏ ਤੁਹਾਡੇ ਨਾਲ ਇੱਕ ਵਿਅਕਤੀ ਗੱਲ ਕਰੇਗਾ ਅਤੇ ਇਹ ਸੇਵਾਵਾਂ ਮੁਫ਼ਤ ਅਤੇ ਗੁਪਤ ਹਨ। ਸੇਵਾਵਾਂ 100 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹਨ।

### ਰੋਜ਼ਗਾਰ

ਕੰਮ ਅਤੇ ਸਨਅੱਤਾਂ ਦੀਆਂ ਕਈ ਵੱਖ-ਵੱਖ ਤਰੀਕਿਆਂ ਵਾਲੀ ਓਂਟਾਰੀਓ ਦੀ ਮਜ਼ਬੂਤ, ਵੰਨ-ਸੁਵੰਨੀ ਆਰਥਿਕਤਾ ਹੈ। ਆਪਣੀ ਨੌਕਰੀ ਦੀ ਸਰਚ ਕਰਨ ਲਈ ਮੌਕਿਆਂ ਬਾਰੇ ਹੋਰ ਜਾਣਕਾਰੀ 1 800 387 5656 'ਤੇ ਐਂਪਲੌਇਅ ਓਂਟਾਰੀਓ ਨੂੰ ਕਾਲ ਕਰੋ ਜਾਂ ontario.ca/fr/communities/employment 'ਤੇ ਜਾਓ।

Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario

## ਸਿੱਖਿਆ

ਓਂਟਾਰੀਓ ਵਿੱਚ ਸਰਕਾਰੀ ਰਕਮਾਂ ਨਾਲ ਚੱਲਣ ਵਾਲੇ ਚਾਰ ਸਕੂਲੀ ਪ੍ਰਬੰਧ ਹਨ: ਫ੍ਰੈਂਚ ਵਿੱਚ, ਸਰਕਾਰੀ ਅਤੇ ਕੈਥੋਲਿਕ ਪ੍ਰਬੰਧ; ਅੰਗ੍ਰੇਜ਼ੀ ਵਿੱਚ, ਸਰਕਾਰੀ ਅਤੇ ਕੈਥੋਲਿਕ ਪ੍ਰਬੰਧ। 12 ਫ੍ਰੈਂਚ ਸਕੂਲ ਬੋਰਡ ਹਨ, ਜੋ ਫ੍ਰੈਂਚ ਭਾਸ਼ਾ ਦੇ 425 ਸਕੂਲਾਂ ਦੀ ਨੁਮਾਇੰਦਗੀ ਕਰਦੇ ਹਨ। ਹੋਰ ਜਾਣਕਾਰੀ ਲਈ, ontario.ca 'ਤੇ ਜਾਓ।

## ਸਿਹਤ ਅਤੇ ਸਮਾਜਕ ਸੇਵਾਵਾਂ

ਜੇ ਤੁਸੀਂ ਸਿਹਤ ਅਤੇ ਸਮਾਜਿਕ ਸੇਵਾਵਾਂ ਦੇ ਖੇਤਰ ਵਿੱਚ ਫ੍ਰੈਂਚ ਵਿੱਚ ਸੇਵਾਵਾਂ ਦੀ ਤਲਾਸ਼ ਕਰ ਰਹੇ ਹੋ, ਤਾਂ cliquezsante.ca/fr 'ਤੇ ਜਾਓ।

## ਔਰਤਾਂ

ਜੇ ਤੁਸੀਂ ਹਿੰਸਾ ਨਾਲ ਨਜਿੱਠ ਰਹੀ ਇੱਕ ਫ੍ਰੈਂਕੋਫੋਨ ਔਰਤ ਹੋ ਅਤੇ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ 1-877-336-2433 'ਤੇ ਫ਼ੈਮ'ਏਡ (Fem'aide) ਨੂੰ ਜਾਂ ਸੁਣਨ ਵਿੱਚ ਦਿੱਕਤ ਲਈ 1-866-860-7082 'ਤੇ ਕਾਲ ਕਰੋ। ਫ੍ਰੈਂਕੋਫੋਨ ਹੈਲਪਲਾਈਨ ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ 7 ਦਿਨ ਉਪਲਬਧ ਹੈ। ਇਸ ਸੇਵਾ ਬਾਰੇ ਹੋਰ ਜਾਣਕਾਰੀ ਲਈ femaide.ca 'ਤੇ ਜਾਓ।

## ਨਵੇਂ ਆਏ ਨੌਜਵਾਨ

nouveauxjeunes.ca 'ਤੇ ਜਾਕੇ ਨਵੇਂ ਆਉਣ ਵਾਲੇ ਨੌਜਵਾਨਾਂ ਲਈ ਆਨਲਾਈਨ ਭਾਈਚਾਰੇ ਵਿੱਚ ਹਿੱਸਾ ਲੈ ਸਕਦੇ ਹੋ।

ਇੱਥੇ ਤੁਸੀਂ ਉਹਨਾਂ ਦੇ ਵਸਣ ਦੇ ਸਫ਼ਰ ਬਾਰੇ ਨੌਜਵਾਨਾਂ ਵਲੋਂ ਬਣਾਈਆਂ ਗਈਆਂ ਵੀਡੀਓ ਵੇਖ ਸਕਦੇ ਹੋ, ਵਿਚਾਰ-ਚਰਚਾ ਕਰਨ ਵਾਲੇ ਸਮੂਹਾਂ ਵਿੱਚ ਸ਼ਾਮਿਲ ਹੋ ਸਕਦੇ ਹੋ ਅਤੇ ਸਕੂਲ, ਰੋਜ਼ਗਾਰ, ਹਾਊਸਿੰਗ ਅਤੇ ਦਿਲਚਸਪੀ ਵਾਲੇ ਕਈ ਹੋਰਨਾਂ ਖੇਤਰਾਂ ਬਾਰੇ ਜਾਣਕਾਰੀ ਲੈ ਸਕਦੇ ਹੋ।

ਜੇ ਤੁਸੀਂ 20 ਸਾਲ ਅਤੇ ਘੱਟ ਉਮਰ ਦੇ ਹੋ ਅਤੇ ਤੁਸੀਂ ਉਹਨਾਂ ਸਮੱਸਿਆਵਾਂ ਬਾਰੇ, ਜੋ ਤੁਹਾਨੂੰ ਹੋ ਸਕਦੀਆਂ ਹਨ ਜਾਂ ਮੁੱਦੇ, ਜਿਹਨਾਂ ਦਾ ਤੁਸੀਂ ਸਾਹਮਣਾ ਕਰ ਰਹੇ ਹੋ, ਬਾਰੇ ਤੁਸੀਂ ਕਿਸੇ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ 7 ਦਿਨ 1 800 668 6868 'ਤੇ ਕਾਲ ਕਰ ਸਕਦੇ ਹੋ। ਇਹ ਸੇਵਾਵਾਂ ਅਨਾਮ, ਮੁਫ਼ਤ, ਗੁਪਤ ਅਤੇ ਪੇਸ਼ੇਵਾਰਾਨਾ ਹਨ। ਹੋਰ ਜਾਣਕਾਰੀ ਲਈ jeunessejecoute.ca 'ਤੇ ਜਾਓ।

